# 7 ਮਾਪ

## ਉਦੇਸ਼

* ਰੋਜ਼ਾਨਾ ਜ਼ਿੰਦਗੀ ਨਾਲ ਸਬੰਧਿਤ ਵਸਤੂਆਂ ਦੇ ਭੌਤਿਕ ਗੁਣਾ ਦੇ ਅਧਾਰ 'ਤੇ ਸਮਝ ਵਿਕਸਿਤ ਕਰਨੀ।
* ਲੰਬਾਈ, ਭਾਰ, ਸਮਰੱਥਾ ਦੀਆਂ ਅਣਮਿਆਰੀ ਇਕਾਈਆਂ (Non-Standard units) ਤੋਂ ਜਾਣੂੰ ਕਰਵਾਉਣਾ ਅਤੇ ਤੁਲਨਾ ਕਰਨਾ।
* ਤਰਕ ਸ਼ਕਤੀ ਵਿਕਸਿਤ ਕਰਨੀ।

### ਕੀ ਤੁਹਾਨੂੰ ਯਾਦ ਹੈ ?


ਪਿਆਰੇ ਬੱਚਿਓ, ਆਓ ਅਸੀਂ ਹੁਣ ਪਹਿਲੀ ਜਮਾਤ ਵਿੱਚ ਕੀਤੀਆਂ ਮਾਪ ਦੀਆਂ ਇਕਾਈਆਂ ਦੀ ਦੁਹਰਾਈ ਕਰਦੇ ਹਾਂ।

**ਕ੍ਰਮ ਵਿੱਚ ਸੋਚੋ**

**1. ਲੰਬਾਈ ਵਿੱਚ ਛੋਟੇ ਤੋਂ ਵੱਡੇ ਤੱਕ 1 ਤੋਂ 3 ਲਿਖੋ।**

 ☐  ☐  ☐

**2. ਹਲਕੀ ਤੋਂ ਭਾਰੀ ਵਸਤੂ ਅਨੁਸਾਰ 1 ਤੋਂ 3 ਲਿਖੋ।**

 ☐  ☐  ☐

# ਜਾਣ-ਪਹਿਚਾਣ





**ਅਧਿਆਪਕ ਸੰਕੇਤ**

ਅਧਿਆਪਕ ਹਰ ਲੰਬਾਈ ਨੂੰ ਮਾਪਣ ਤੋਂ ਪਹਿਲਾਂ ਬੱਚਿਆਂ ਨੂੰ ਅੰਦਾਜ਼ਾ ਲਗਾਉਣ ਲਈ ਕਹਿਣਗੇ ਅਤੇ ਫਿਰ ਉਸ ਵਸਤੂ ਦੀ ਅਸਲ ਲੰਬਾਈ ਮਾਪਕੇ ਪੁੱਛਣਗੇ ਅਤੇ ਬੱਚਿਆਂ ਨੂੰ ਅੰਤਰ ਦੱਸਣਗੇ।

## ਗਤੀਵਿਧੀ


ਹਰਮਨ ਨੇ ਬਗੀਚੇ ਵਿੱਚ ਖੇਡਣ ਜਾਣਾ ਹੈ। ਉਸਦੀ ਰਸਤਾ ਲੱਭਣ ਵਿੱਚ ਮਦਦ ਕਰੋ। ਬਗੀਚੇ ਵਿੱਚ ਜਾਣ ਦੇ ਦੋ ਰਸਤੇ ਹਨ। ਕਿਹੜਾ ਰਸਤਾ ਛੋਟਾ ਹੈ ? ਜੇ ਹਰਮਨ ਛੋਟੇ ਰਸਤੇ ਰਾਹੀਂ ਬਗੀਚੇ ਵਿੱਚ ਜਾਵੇਗਾ ਤਾਂ ਉਹ ਕਿੰਨੇ ਕਦਮ ਚੱਲੇਗਾ ?






## ਆਓ ਸਿੱਖੀਏ

## ਗਤੀਵਿਧੀ











## ਆਓ ਕਰੀਏ



**1. ਖਾਲੀ ਥਾਵਾਂ ਭਰੋ:**

i. ਤੁਹਾਡੀ ਪੈਨਸਿਲ ਦੀ ਲੰਬਾਈ .............. ਮਾਚਿਸ ਦੀਆਂ ਤੀਲੀਆਂ ਦੇ ਬਰਾਬਰ ਹੈ।

ii. ਤੁਹਾਡੀ ਕਿਤਾਬ ਦੀ ਲੰਬਾਈ ................. ਉਂਗਲਾਂ ਦੇ ਬਰਾਬਰ ਹੈ।

iii. ਤੁਹਾਡੇ ਕਮਰੇ ਦੀ ਲੰਬਾਈ ................ ਕਦਮਾਂ ਦੇ ਬਰਾਬਰ ਹੈ।

iv. ਤੁਹਾਡੇ ਸ਼ਾਪਨਰ ਦੀ ਲੰਬਾਈ ਤੁਹਾਡੀਆਂ ............... ਉਂਗਲਾਂ ਦੇ ਬਰਾਬਰ ਹੈ।

v. ਤੁਹਾਡੇ ਸਕੂਲ ਦੇ ਵਰਾਂਡੇ ਦੀ ਲੰਬਾਈ, ਤੁਹਾਡੇ ............... ਕਦਮਾਂ ਦੇ ਬਰਾਬਰ ਹੈ।

vi. ਤੁਹਾਡੇ ਮੇਜ਼ ਦੀ ਲੰਬਾਈ, ਤੁਹਾਡੀਆਂ ................ ਗਿੱਠਾਂ ਦੇ ਬਰਾਬਰ ਹੈ।

vii. ਤੁਹਾਡੀ ਜਮਾਤ ਦੀ ਖਿੜਕੀ, ........... ਪੈਨਸਿਲਾਂ ਜਿੰਨੀ ਲੰਬੀ ਹੈ।

ਰੰਗ ਭਰੋ ਜੇ ਤੁਹਾਡੇ ਸਾਰੇ ਉੱਤਰ ਠੀਕ ਹਨ।



ਗਿੱਠ, ਕਦਮ, ਉਂਗਲੀਆਂ, ਸ਼ਾਪਨਰ ਅਤੇ ਮਾਚਿਸ ਦੀਆਂ ਤੀਲੀਆਂ ਆਦਿ ਲੰਬਾਈ ਮਾਪਣ ਦੀਆਂ ਅਣਮਿਆਰੀ ਇਕਾਈਆਂ (Non-Standard Units) ਹਨ।

2. ਇੱਕ ਮੇਜ਼ ਦੀ ਲੰਬਾਈ 6 ਗਿੱਠਾਂ ਹੈ। ਦੂਜੇ ਮੇਜ਼ ਦੀ ਲੰਬਾਈ 8 ਗਿੱਠਾਂ ਹੈ। ਜੇ ਦੋਹਾਂ ਮੇਜਾਂ ਨੂੰ ਜੋੜ ਦਿੱਤਾ ਜਾਵੇ ਤਾਂ ਲੰਬਾਈ ਕਿੰਨੀਆਂ ਗਿੱਠਾਂ ਹੋਵੇਗੀ?

3. ਕਾਜਲ ਦਾ ਰਿਬਨ 8 ਸ਼ਾਪਨਰ ਜਿੰਨਾ ਲੰਬਾ ਹੈ ਅਤੇ ਮਮਤਾ ਦਾ ਰਿਬਨ 12 ਸ਼ਾਪਨਰ ਜਿੰਨਾ ਲੰਬਾ ਹੈ। ਦੋਵਾਂ ਰਿਬਨਾਂ ਵਿੱਚੋਂ ਕਿਸ ਦਾ ਰਿਬਨ ਲੰਬਾ ਹੈ?

4. ਕਿਤਾਬ ਦੀ ਲੰਬਾਈ 12 ਉਂਗਲਾਂ ਹੈ ਅਤੇ ਕਾਪੀ ਦੀ ਲੰਬਾਈ 10 ਉਂਗਲਾਂ ਦੇ ਬਰਾਬਰ ਹੈ। ਕਿਸ ਦੀ ਲੰਬਾਈ ਵੱਧ ਹੈ? ਅਤੇ ਕਿੰਨੀਆਂ ਉਂਗਲਾਂ ਵੱਧ ਹੈ?

5. ਮੇਜ਼ ਦੀ ਲੰਬਾਈ 10 ਗਿੱਠਾਂ ਹੈ, ਬਲੈਕ ਬੋਰਡ ਦੀ ਲੰਬਾਈ 20 ਗਿੱਠਾਂ ਦੇ ਬਰਾਬਰ ਹੈ। ਕਿਸ ਦੀ ਲੰਬਾਈ ਘੱਟ ਹੈ ਅਤੇ ਕਿੰਨੀਆਂ ਗਿੱਠਾਂ ਘੱਟ ਹੈ?

6. ਤੁਹਾਡੇ ਘਰ ਤੋਂ ਤੁਹਾਡਾ ਸਕੂਲ 30 ਕਦਮ ਦੂਰੀ 'ਤੇ ਹੈ। ਤੁਸੀਂ 25 ਕਦਮ ਚੱਲ ਚੁੱਕੇ ਹੋ। ਤੁਸੀਂ ਹੋਰ ਕਿੰਨੇ ਕਦਮ ਚੱਲੋਗੇ?

7. ਆਪਣੀ ਕਾਪੀ ਵਿੱਚ ਇੱਕ ਬਿੰਦੂ 'A' ਬਣਾਉਂਦੇ ਹੋਏ ਉਸਤੋਂ ਚਾਰ ਉਂਗਲਾਂ ਦੀ ਦੂਰੀ ਤੇ ਇੱਕ ਹੋਰ ਬਿੰਦੂ 'B' ਬਣਾਉ।

8. **ਠੀਕ (✓), ਜਾਂ ਗਲਤ (×) ਲਗਾਓ**

a. ਅਸੀਂ ਕਮਰੇ ਦੀ ਲੰਬਾਈ ਨੂੰ ਉਂਗਲੀਆਂ ਨਾਲ ਬੜੀ ਅਸਾਨੀ ਨਾਲ ਮਾਪ ਸਕਦੇ ਹਾਂ। [ ]


b. ਸਕੂਲ ਗੇਟ ਤੋਂ ਜਮਾਤ ਦੇ ਕਮਰੇ ਤੱਕ ਦੀ ਲੰਬਾਈ ਨੂੰ ਕਦਮਾਂ ਨਾਲ ਮਾਪ ਸਕਦੇ ਹਾਂ। [ ]

c. ਅਸੀਂ ਕਿਤਾਬ ਦੀ ਲੰਬਾਈ ਮਾਚਿਸ ਦੀਆਂ ਤੀਲੀਆਂ ਨਾਲ ਮਾਪ ਸਕਦੇ ਹਾਂ। [ ]

d. ਅਸੀਂ ਬਲੈਕ ਬੋਰਡ ਦੀ ਲੰਬਾਈ ਗਿੱਠਾਂ ਨਾਲ ਮਾਪ ਸਕਦੇ ਹਾਂ। [ ]

e. ਲੰਬਾਈ ਮਾਪਣ ਲਈ ਸਰੀਰ ਦੇ ਅੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। [ ]

## ਆਓ ਖੇਡੀਏ




ਪਿਆਰੇ ਬੱਚਿਓ ਅਸੀਂ ਪਿਛਲੀ ਜਮਾਤ ਵਿੱਚ ਭਾਰੀ-ਹਲਕੇ ਬਾਰੇ ਕੁੱਝ ਜਾਣਿਆ ਸੀ। ਆਓ ਅਸੀਂ ਇਸ ਬਾਰੇ ਹੋਰ ਜਾਣੀਏ।
ਹਰਜੀਤ
ਮਨਜੋਤ
ਅਮਨ
ਆ ਮਨਜੋਤ, ਸੀ-ਸਾ 'ਤੇ ਝੂਟੇ ਲਈਏ !
ਲੈ ਆ ਗਿਆ !
ਪਰ ਇਹ ਕੀ ? ਝੂਟੇ ਤਾਂ ਮਿਲ ਹੀ ਨਹੀਂ ਰਹੇ !
ਮੈਨੂੰ ਲੱਗਦਾ ਤੂੰ ਮੇਰੇ ਤੋਂ ਜ਼ਿਆਦਾ ਭਾਰੀ ਹੈ, ਹਰਜੀਤ।
ਮਨਜੋਤ, ਅਮਨ ਨੂੰ ਬੁਲਾ ਲੈ ਅਤੇ ਆਪਣੇ ਨਾਲ ਬਿਠਾ ਲੈ।
ਹਾ ਹਾ ਹਾ ! ਹੁਣ ਸਾਡਾ ਪਾਸਾ ਭਾਰੀ ਹੋ ਗਿਆ
ਹੁਣ ਕੀ ਕਰੀਏ???
ਬੱਚਿਓ, ਕੀ ਤੁਸੀਂ ਇਹਨਾਂ ਦੀ ਮਦਦ ਕਰ ਸਕਦੇ ਹੋ? ਤਾਂ ਕਿ ਉਹ ਸੀ-ਸਾ 'ਤੇ ਝੂਲੇ ਲੈ ਸਕਣ।

## ਆਓ ਕਰੀਏ

**1.** ਭਾਰੀ ਵਸਤੂ ਵਾਲੇ ਚਿੱਤਰ ਦੇ ਖਾਨੇ ਵਿੱਚ (✓) ਦਾ ਨਿਸ਼ਾਨ ਲਗਾਓ

 ☐  ☐

**2.** ਭਾਰ ਅਨੁਸਾਰ ਹਲਕੀ ਤੋਂ ਭਾਰੀ ਵਸਤੂ ਦੇ ਹੇਠਾਂ 1 ਤੋਂ 3 ਲਿਖੋ

 ☐  ☐  ☐

## ਆਓ ਸਿੱਖੀਏ

### ਗਤੀਵਿਧੀ

















**ਜ਼ਰਾ ਸੋਚੋ**



- ਤੁਹਾਡੀ ਕਿਤਾਬ ਦਾ ਭਾਰ 3 ਅਮਰੂਦਾਂ ਦੇ ਭਾਰ ਦੇ ਬਰਾਬਰ ਹੈ।
- ਤੁਹਾਡੀ ਕਾਪੀ ਦਾ ਭਾਰ ਉਹਨਾਂ ਵਿਚੋਂ 2 ਅਮਰੂਦਾਂ ਦੇ ਭਾਰ ਦੇ ਬਰਾਬਰ ਹੈ।
- ਇਸ ਲਈ ਕਿਤਾਬ, ਕਾਪੀ ਤੋਂ ........... ਹੈ। (ਹਲਕੀ, ਭਾਰੀ)
- ਕਾਪੀ, ਕਿਤਾਬ ਤੋਂ .............. ਹੈ। (ਭਾਰੀ, ਹਲਕੀ)



## ਆਓ ਕਰੀਏ



**1. ਤੱਕੜੀ ਦੇ ਕਿਹੜੇ ਪਲੜੇ ਵਿੱਚ ਵਸਤੂ ਭਾਰੀ ਹੈ ਅਤੇ ਕਿਹੜੇ ਪਲੜੇ ਵਿੱਚ ਵਸਤੂ ਹਲਕੀ ਹੈ, ਲਿਖੋ**



ਭਾਰੀ ________ ਹਲਕੀ ________



________ ________



________ ________



________ ________



________ ________



________ ________



________ ________

**ਅਧਿਆਪਕ ਸੰਕੇਤ**

ਅਧਿਆਪਕ ਦੋ ਇਕੋ ਜਿਹੇ ਢੱਕਣ, ਡੋਰੀ ਅਤੇ ਸੋਟੀ ਆਦਿ ਦੀ ਵਰਤੋਂ ਨਾਲ ਤੱਕੜੀ ਬਣਾਉਣਾ ਅਤੇ ਇਸ ਦੀ ਵਰਤੋਂ ਕਰਨਾ ਸਿਖਾਉਣਗੇ।

2. 2 ਇੱਕੋ ਤਰ੍ਹਾਂ ਦੀਆਂ ਕਿਤਾਬਾਂ ਦਾ ਭਾਰ 6 ਸੇਬਾਂ ਦੇ ਭਾਰ ਦੇ ਬਰਾਬਰ ਹੈ।ਉਸੇ ਤਰ੍ਹਾਂ ਦੀ 1 ਕਿਤਾਬ ਦਾ ਭਾਰ ਕਿੰਨੇ ਸੇਬਾਂ ਦੇ ਭਾਰ ਦੇ ਬਰਾਬਰ ਹੋਵੇਗਾ ?
3. 6 ਇੱਕੋ ਜਿਹੇ ਬਿਸਕੁੱਟ ਦੇ ਪੈਕਟਾਂ ਦਾ ਭਾਰ 6 ਅੰਬਾਂ ਦੇ ਭਾਰ ਦੇ ਬਰਾਬਰ ਹੈ। 3 ਉਸੇ ਤਰ੍ਹਾਂ ਦੇ ਬਿਸਕੁਟ ਦੇ ਪੈਕਟਾਂ ਦਾ ਭਾਰ ਕਿੰਨੇ ਅੰਬਾਂ ਦੇ ਭਾਰ ਦੇ ਬਰਾਬਰ ਹੋਵੇਗਾ?
4. 2 ਇੱਕੋ ਜਿਹੀਆਂ ਜੂਸ ਦੀਆਂ ਬੋਤਲਾਂ ਦਾ ਭਾਰ 1 ਕੇਕ ਦੇ ਭਾਰ ਦੇ ਬਰਾਬਰ ਹੈ।ਅਜਿਹੀਆਂ 4 ਜੂਸ ਦੀਆਂ ਬੋਤਲਾਂ ਦਾ ਭਾਰ ਕਿੰਨੇ ਕੇਕ ਦੇ ਭਾਰ ਬਰਾਬਰ ਹੋਵੇਗਾ?
5. 5 ਇੱਕੋ ਜਿਹੇ ਸਮੋਸਿਆਂ ਦਾ ਭਾਰ 10 ਲੱਡੂਆਂ ਦੇ ਭਾਰ ਦੇ ਬਰਾਬਰ ਹੈ।ਅਜਿਹੇ 10 ਸਮੋਸਿਆਂ ਦਾ ਭਾਰ ਕਿੰਨੇ ਲੱਡੂਆਂ ਦੇ ਭਾਰ ਦੇ ਬਰਾਬਰ ਹੋਵੇਗਾ?

## ਜ਼ਰਾ ਸੋਚੋ

ਮਨਜੋਤ ਦੀ ਪਾਣੀ ਦੀ ਬੋਤਲ 6 ਕੇਲਿਆਂ ਦੇ ਭਾਰ ਦੇ ਬਰਾਬਰ ਹੈ।

ਸੁਨੀਤਾ ਦੀ ਪਾਣੀ ਦੀ ਬੋਤਲ ਉਸੇ ਤਰ੍ਹਾਂ ਦੇ 4 ਕੇਲਿਆਂ ਦੇ ਭਾਰ ਦੇ ਬਰਾਬਰ ਹੈ।

ਕਿਸ ਦੀ ਪਾਣੀ ਦੀ ਬੋਤਲ ਭਾਰੀ ਹੈ?

ਮਨਜੋਤ ਦੀ ਬੋਤਲ ☐ ਸੁਨੀਤਾ ਦੀ ਬੋਤਲ ☐


## ਨੈਤਿਕ ਕਦਰਾਂ ਕੀਮਤਾਂ 'ਤੇ ਅਧਾਰਿਤ ਸਵਾਲ

ਤੁਹਾਡੇ ਮਾਤਾ ਜੀ ਅਤੇ ਤੁਸੀਂ ਬਜ਼ਾਰ ਰਾਸ਼ਨ ਲੈਣ ਗਏ। ਰਾਸ਼ਨ ਵਾਲਾ ਥੈਲਾ ਕਾਫ਼ੀ ਭਾਰੀ ਹੋ ਗਿਆ। ਹੁਣ ਤੁਸੀਂ ਕੀ ਕਰੋਗੇ?

ੳ. ਥੈਲਾ ਤੁਸੀਂ ਇਕੱਲੇ ਚੁੱਕ ਲਵੋਗੇ। ☐
ਅ. ਮਾਤਾ ਜੀ ਨੂੰ ਥੈਲਾ ਚੁੱਕਣ ਦੇਵੋਗੇ। ☐
ੲ. ਥੈਲੇ ਵਿੱਚੋਂ ਕੁੱਝ ਸਮਾਨ ਵੱਖਰੇ ਲਿਫ਼ਾਫੇ 'ਚ ਪਵਾ ਕੇ ਤੁਸੀਂ ਦੋਵੇਂ ਅਲੱਗ-ਅਲੱਗ ਚੁੱਕ ਲਵੋਗੇ। ☐

**ਯਾਦ ਰੱਖੋ :-**

1. ਵੇਖਣ ਵਿੱਚ ਲੱਗ ਰਹੀ ਵੱਡੀ ਵਸਤੂ ਹਮੇਸ਼ਾ ਭਾਰੀ ਨਹੀਂ ਹੁੰਦੀ।



ਗੁਬਾਰਾ, ਸੇਬ ਤੋਂ ਵੱਡਾ ਹੈ।
ਹੱਥ ਵਿੱਚ ਫੜ ਕੇ ਦੇਖੋਗੇ ਤਾਂ ਸੇਬ ਭਾਰੀ ਹੋਵੇਗਾ ਅਤੇ ਗੁਬਾਰਾ ਹਲਕਾ।

## ਰੋਜ਼ਾਨਾ ਜ਼ਿੰਦਗੀ ਨਾਲ ਸੰਬੰਧਿਤ ਵੱਧ-ਘੱਟ

ਬੱਚਿਓ, ਤੁਸੀਂ ਹਰ ਰੋਜ਼ ਕਿੰਨੇ ਗਲਾਸ ਪਾਣੀ ਪੀਂਦੇ ਹੋ?



ਪਿਆਰੇ ਬੱਚਿਓ, ਹੁਣ ਅਸੀਂ, ਵੱਖ-ਵੱਖ ਬਰਤਨ ਵਿੱਚ, ਕਿੰਨੀ ਮਾਤਰਾ ਵਿੱਚ ਵਸਤੂ ਸਮਾ ਸਕਦੀ ਹੈ, ਉਸ ਬਾਰੇ ਗੱਲਬਾਤ ਕਰਾਂਗੇ।

4 ਗਲਾਸ



ਮਨਜੋਤ

2 ਗਲਾਸ



ਕਾਜਲ

3 ਗਲਾਸ



ਰਮਣੀਕ




ਸਭ ਤੋਂ ਵੱਧ ਪਾਣੀ ਕੌਣ ਪੀਂਦਾ ਹੈ ?

ਸਭ ਤੋਂ ਘੱਟ ਪਾਣੀ ਕੌਣ ਪੀਂਦਾ ਹੈ ?

__________ __________

ਕੀ ਤੁਸੀਂ ਦੱਸ ਸਕਦੇ ਹੋ ਕਿ ਕਿਹੜੇ ਗਿਲਾਸ ਵਿੱਚ ਪਾਣੀ ਵੱਧ ਹੈ ?

ਜੇ ਹਾਂ, ਤਾਂ ਵੱਧ ਪਾਣੀ ਵਾਲੇ ਗਿਲਾਸ 'ਤੇ ✓ ਲਗਾਓ।




☐ ☐

# ਵਰਕਸ਼ੀਟ


1. ਕਿਹੜੇ ਜੱਗ ਵਿੱਚ ਪਾਣੀ ਸਭ ਤੋਂ ਘੱਟ ਹੈ ? ✓ ਦਾ ਨਿਸ਼ਾਨ ਲਗਾਓ



2. ਕਿਹੜੀ ਬੋਤਲ ਵਿੱਚ ਪਾਣੀ ਸਭ ਤੋਂ ਵੱਧ ਹੈ ? ✓ ਦਾ ਨਿਸ਼ਾਨ ਲਗਾਓ




3. ਉਸ ਗਿਲਾਸ ਦੇ ਹੇਠਾਂ ✓ ਦਾ ਨਿਸ਼ਾਨ ਲਗਾਓ ਜਿਸ ਵਿੱਚ ਪਾਣੀ ਚਿੱਤਰ ਨੰ: 1 ਵਿਚਲੇ ਗਿਲਾਸ ਦੇ ਬਰਾਬਰ ਹੈ ?




ਚਿੱਤਰ ਨੰ: 1

4. ਉਸ ਕੱਪ ਦੇ ਹੇਠਾਂ ✓ ਦਾ ਨਿਸ਼ਾਨ ਲਗਾਓ ਜਿਸ ਵਿੱਚ ਆਇਸਕ੍ਰੀਮ ਚਿੱਤਰ ਨੰ: 2 ਵਿਚਲੇ ਕੱਪ ਦੇ ਬਰਾਬਰ ਹੈ ?



ਚਿੱਤਰ ਨੰ: 2

## 5. ਸਮਰੱਥਾ ਅਨੁਸਾਰ 1 ਤੋਂ 3 ਲਿਖੋ








## 6. ਜ਼ਰਾ ਸੋਚੋ

i. ਇੱਕ ਜੱਗ 6 ਗਲਾਸ ਪਾਣੀ ਨਾਲ ਭਰ ਜਾਂਦਾ ਹੈ।




ਇੱਕ ਬੋਤਲ ਉਸੇ ਤਰ੍ਹਾਂ ਦੇ 3 ਗਲਾਸ ਪਾਣੀ ਨਾਲ ਭਰ ਜਾਂਦੀ ਹੈ।

.............. ਦੀ ਧਾਰਨ ਸਮਰੱਥਾ (capacity) .............. ਤੋਂ ਜ਼ਿਆਦਾ ਹੈ।

ii. ਇੱਕ ਬੋਤਲ ਦੀ ਧਾਰਨ ਸਮਰੱਥਾ 3 ਗਿਲਾਸ ਪਾਣੀ ਦੇ ਬਰਾਬਰ ਹੈ, ਤਾਂ:

(a) ਦੋ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੇਵੇਗੀ।

(b) ਤਿੰਨ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੇਵੇਗੀ।

(c) ਚਾਰ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੇਵੇਗੀ।

(d) ਪੰਜ ਬੋਤਲਾਂ ਦੀ ਧਾਰਨ ਸਮਰੱਥਾ ..........ਗਿਲਾਸ ਪਾਣੀ ਦੇ ਬਰਾਬਰ ਹੇਵੇਗੀ।

(e) ਛੇ ਬੋਤਲਾਂ ਦੀ ਧਾਰਨ ਸਮਰੱਥਾ ...........ਗਿਲਾਸ ਪਾਣੀ ਦੇ ਬਰਾਬਰ ਹੇਵੇਗੀ।

## ਕਿੰਨਾ ਪਾਣੀ ਚਾਹੀਦਾ ਹੈ ?

ਅੰਦਾਜ਼ਾ ਲਗਾਓ, ਤੁਹਾਡੇ ਘਰ ਵਿੱਚ ਹੇਠਾਂ ਦਿਖਾਏ ਗਏ ਹਰ ਇੱਕ ਕੰਮ ਨੂੰ ਕਰਨ ਲਈ ਕਿੰਨੇ ਮੱਗ ਜਾਂ ਕਿੰਨੀਆਂ ਬਾਲਟੀਆਂ ਪਾਣੀ ਲੱਗਦਾ ਹੈ ?



______________



______________



______________




______________

### ਗਤੀਵਿਧੀ

ਪਾਣੀ ਨੂੰ ਵੱਖ-ਵੱਖ ਅਕਾਰਾਂ ਦੇ ਬਰਤਨਾਂ ਵਿੱਚ ਪਾ ਕੇ ਦੇਖੋ।

ਤੁਸੀਂ ਦੇਖੋਗੇ। ਕਿ ਪਾਣੀ ਉਸੇ ਬਰਤਨ ਦਾ ਅਕਾਰ ਲੈ ਲਵੇਗਾ!!




## ਪ੍ਰਯੋਗੀ ਕਿਰਿਆ




**ਬੋਤਲ ਦੀ ਸਮਰੱਥਾ ਮਾਪਣਾ।**

**ਸਮੱਗਰੀ :-** ਬੋਤਲ, ਗਿਲਾਸ

**ਵਿਧੀ :-** ਸਾਰੇ ਬੱਚੇ ਆਪਣੇ-ਆਪਣੇ ਘਰ ਵਿੱਚੋਂ ਬੋਤਲ ਅਤੇ ਗਿਲਾਸ ਲੈ ਕੇ ਆਉਣਗੇ। ਅਧਿਆਪਕ ਸਾਰੇ ਬੱਚਿਆਂ ਨੂੰ ਗਿਲਾਸ ਨਾਲ ਬੋਤਲ ਭਰਨ ਲਈ ਕਹੇਗਾ। ਹਰ ਇੱਕ ਬੱਚਾ ਪਾਣੀ ਦਾ ਗਿਲਾਸ ਭਰ ਕੇ ਬੋਤਲ ਭਰੇਗਾ। ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਤੁਹਾਡੀ ਬੋਤਲ ਕਿੰਨੇ ਗਿਲਾਸ ਪਾਣੀ ਨਾਲ ਭਰੀ ਹੈ? (ਬੱਚਿਆਂ ਦੇ ਉੱਤਰ ਵੱਖ-ਵੱਖ ਵੀ ਹੋ ਸਕਦੇ ਹਨ।)



ਬੋਤਲ



ਗਿਲਾਸ

